# ਸਮੋਕ ਅਲਾਰਮ

ਵਿਕਟੋਰੀਆ ਵਿੱਚ ਸਾਰੀਆਂ ਰਿਹਾਇਸ਼ੀ ਥਾਂਵਾਂ (ਪ੍ਰਾਪਰਟੀਆਂ) ਤੇ ਚਾਲੂ ਸਮੋਕ ਅਲਾਰਮ ਲੱਗੇ ਹੋਣੇ ਚਾਹੀਦੇ ਹਨ।

ਸਮੋਕ ਅਲਾਰਮ ਸਾਰੇ ਬੈਡਰੂਮਸ ਅਤੇ ਲੀਵਿੰਗ ਏਰੀਆ (ਬੈਠਕਾਂ) ਵਿੱਚ ਲਗਾਏ ਜਾਣੇ ਚਾਹੀਦੇ ਹਨ।

CFA ਅਤੇ MFB 10-ਸਾਲ ਦੀ ਲਿਥਿਅਮ ਬੈਟਰੀ ਵਾਲੇ ਸਮੋਕ ਅਲਾਰਮ ਦਾ ਸੁਝਾਅ ਦਿੰਦੇ ਹਨ।



## ਮਹੀਨੇਵਾਰ ਜਾਂਚ ਕਰੋ

- ਬਟਨ ਦਬਾਓ
- ਤਦੋਂ ਤਕ ਦਬਾ ਕੇ ਰੱਖੋ ਜਦੋਂ ਤਕ ਕਿ ਅਲਾਰਮ ਤਿੰਨ ਵਾਰੀ ਨਾ ਵਜੇ



## ਸਾਲਾਨਾ ਤੌਰ ‘ਤੇ ਧੂੜ-ਮਿੱਟੀ ਸਾਫ ਕਰੋ

- ਸਮੋਕ ਅਲਾਰਮ ਦੇ ਢੱਕਣ ਦੇ ਆਲੇ-ਦੁਆਲੇ ਧੂੜ-ਮਿੱਟੀ ਸਾਫ ਕਰੋ ਜਾਂ ਵੈਕਿਊਮ ਕਰੋ
- ਜੇਕਰ ਲਾਗੂ ਹੋਵੇ ਤਾਂ ਸਾਲਾਨਾ ਤੌਰ ‘ਤੇ ਆਪਣੇ ਸਮੋਕ ਅਲਾਰਮ ਦੀਆਂ ਬੈਟਰੀਆਂ ਬਦਲੋ



## ਹਰ **10** ਸਾਲ ਬਾਅਦ ਬਦਲੋ

- ਸਾਰੇ ਸਮੋਕ ਅਲਾਰਮ (ਹਾਰਡ-ਵਾਇਰਡ ਅਤੇ ਸਟੈਂਡਅਲੋਨ) ਬਦਲੇ ਜਾਣੇ ਚਾਹੀਦੇ ਹਨ

ਮਾਰਚ 2019

# ਮੈਂ ਆਪਣਾ ਸਮੋਕ ਅਲਾਰਮ ਕਿੱਥੇ ਇੰਸਟਾਲ ਕਰਾਂ?

- ਸਮੋਕ ਅਲਾਰਮ ਦੀਵਾਰ ਤੋਂ ਘਟੋਂ ਘੱਟ 30cm ਦੀ ਦੂਰੀ ਤੇ ਛੱਤ ਤੇ ਲਗਾਏ ਜਾਣੇ ਚਾਹੀਦੇ ਹਨ।
- ਸਮੋਕ ਅਲਾਰਮ ਸੌਣ ਵਾਲੇ ਹਰੇਕ ਕਮਰੇ ਅਤੇ ਬਾਕੀ ਦੇ ਘਰ ਵਿੱਚਕਾਰ ਲਗਾਏ ਜਾਣੇ ਚਾਹੀਦੇ ਹਨ।
- ਸਾਡੇ ਬੈਡਰੂਮਸ ਅੰਦਰ ਵਾਧੂ ਸਮੋਕ ਅਲਾਰਮ ਹੋਣੇ ਚਾਹੀਦੇ ਹਨ।
- ਅਸੀਂ ਇਹ ਸੁਝਾਅ ਦਿੰਦੇ ਹਾਂ ਕਿ ਸਮੋਕ ਅਲਾਰਮ ਇੱਕ ਦੂਜੇ ਨਾਲ ਕਨੈਕਟਿਡ ਹੋਣ ਤਾਂਜੋ ਜਦੋਂ ਇੱਕ ਵੀ ਅਲਾਰਮ ਵਜੇ ਤਾਂ ਸਾਰੇ ਸਮੋਕ ਅਲਾਰਮ ਆਵਾਜ ਕਰਨ।
- ਸਮੋਕ ਅਲਾਰਮ ਔਸਟ੍ਰੇਲੀਆਈ ਸਟੈਂਡ੍ਰਡ (ਮਿਆਰ) AS3786 ਨੂੰ ਪੂਰਾ ਕਰਦੇ ਹੋਣੇ ਚਾਹੀਦੇ ਹਨ।

Certified Product
Australian Standard

ਇਹ ਸੌਣ ਵਾਲੇ ਹਰੇਕ ਕਮਰੇ ਅਤੇ ਬਾਕੀ ਦੇ ਘਰ ਵਿੱਚਕਾਰ ਲਗਾਏ ਜਾਣੇ ਚਾਹੀਦੇ ਹਨ।

ਸਾਡੇ ਬੈਡਰੂਮਸ ਅੰਦਰ ਵਾਧੂ ਸਮੋਕ ਅਲਾਰਮ ਹੋਣੇ ਚਾਹੀਦੇ ਹਨ।




ਅੱਗ ਸੰਬੰਧੀ ਵਧੇਰੀ ਸੁਰੱਖਿਆ ਜਾਣਕਾਰੀ ਲਈ mfb.vic.gov.au | cfa.vic.gov.au ਵੇਖੋ